## ਪਾਠ – 4
## HTML ਭਾਗ – III

**ਪ੍ਰਸ਼ਨ:1 ਬਹੁਪਸੰਦੀ ਪ੍ਰਸ਼ਨ:**

1. ______________ ਕਿਸੇ ਵੀ ਸਰੋਤ/ਫਾਈਲ (resource/file) ਦੀ ਪੂਰੀ ਲੋਕੇਸ਼ਨ ਨੂੰ ਦਰਸ਼ਾਉਂਦਾ ਹੈ।
   ੳ. ਰੈਲੇਟਿਵ (Relative) ਅ. ਸੰਪੂਰਨ (Absolute) ੲ. ਅੰਦਰੂਨੀ (Internal) ਸ. ਬਾਹਰੀ (External)
2. ਕਿਹੜਾ ਟੈਗ HTML ਡਾਕੂਮੈਂਟ ਵਿਚ ਤਸਵੀਰ (Image) ਦਾਖਲ ਕਰਨ ਲਈ ਵਰਤਿਆ ਜਾਂਦਾ ਹੈ?
   ੳ. <picture> ਅ. <pic> ੲ. <image> ਸ. <img>
3. ਹੇਠ ਲਿਖੇ ਵਿੱਚੋਂ ਕਿਹੜਾ ਐਟਰੀਬਿਊਟ HTML ਦੇ ਐਂਕਰ ਟੈਗ ਦੁਆਰਾ ਨਹੀਂ ਵਰਤਿਆ ਜਾਂਦਾ?
   ੳ. href ਅ. src ੲ. target ਸ. title
4. ਇੱਕ __________ ਲਿੰਕ ਮੂਲ ਰੂਪ ਵਿਚ ਅੰਡਰਲਾਈਨ ਅਤੇ ਜਾਮਨੀ (purple) ਰੰਗ ਵਿੱਚ ਦਿਖਾਇਆ ਜਾਂਦਾ ਹੈ।
   ੳ. ਅਨਵਿਜ਼ਿਟਡ ਲਿੰਕ ਅ. ਵਿਜ਼ਿਟਡ ਲਿੰਕ ੲ. ਐਕਟਿਵ ਲਿੰਕ (Active Link) ਸ. ਕੋਈ ਨਹੀਂ
5. ਵੈਬ ਸਰਵਰ ਨੂੰ ਫਾਰਮ ਡੇਟਾ ਭੇਜਣ ਲਈ ਕਿਹੜੀ-HTTP ਵਿਧੀ ਵਰਤੀ ਜਾਂਦੀ ਹੈ?
   ੳ. GET ਅਤੇ SET ਅ. GET ਅਤੇ POST ੲ. POST ਅਤੇ SEND ਸ. GET ਅਤੇ SEND
6. ਹੇਠ ਲਿਖਿਆਂ ਵਿੱਚੋਂ ਕਿਹੜਾ ਫਾਰਮ ਕੰਟਰੋਲ ਵੈਬ ਪੇਜ ਵਿੱਚ ਟੈਕਸਟ ਦੀਆਂ ਕਈ ਲਾਈਨਾਂ (multiple lines of text) ਨੂੰ ਸਵੀਕਾਰ ਕਰਨ ਲਈ ਵਰਤਿਆ ਜਾਂਦਾ ਹੈ?
   ੳ. ਟੈਕਸਟਬਾਕਸ ਅ. ਡਰਾਪਡਾਊਨ ਬਾਕਸ ੲ. ਪਾਸਵਰਡ ਫੀਲਡ ਸ. ਟੈਕਸਟ-ਏਰਿਆ

**ਪ੍ਰਸ਼ਨ:2 ਖਾਲੀ ਥਾਵਾਂ ਭਰੋ:**

1. ਸੰਬੰਧਤ ਪਾਥਸ (Relative Paths) ਵਿੱਚ ____ ਡੀਲਿਮਿਟਰ ਮੌਜੂਦਾ ਵਰਕਿੰਗ ਫਾਈਲ ਦੇ ਪੇਰੈਂਟ (parent) ਫੋਲਡਰ ਵੱਲ ਇਸ਼ਾਰਾ ਕਰਦਾ ਹੈ।
2. ਹਰੇਕ ਇਮੇਜ਼ ਟੈਗ ਵਿੱਚ ਇੱਕ _________ ਐਟਰੀਬਿਊਟ ਹੁੰਦਾ ਹੈ ਜੋ ਵੈਬ-ਬ੍ਰਾਉਜ਼ਰ ਨੂੰ ਇਹ ਦੱਸਦਾ ਹੈ ਕਿ ਉਹ ਤਸਵੀਰ ਜੋ ਅਸੀਂ ਵੈਬ ਪੇਜ਼ ਵਿਚ ਪ੍ਰਦਰਸ਼ਿਤ ਕਰਨਾ ਚਾਹੁੰਦੇ ਹਾਂ, ਨੂੰ ਕਿੱਥੋਂ ਲੱਭਣਾ ਹੈ।
3. ਨੇਮਡ ਐਂਕਰਜ਼ ਨੂੰ _______________ ਵੀ ਕਿਹਾ ਜਾਂਦਾ ਹੈ।
4. ਜੇਕਰ _______ HTTP ਵਿਧੀ ਨਾਲ ਫਾਰਮ ਸਬਮਿਟ ਕੀਤਾ ਜਾਂਦਾ ਹੈ ਤਾਂ ਵੈਬਪੇਜ਼ ਦੇ ਨਤੀਜੇ ਨੂੰ ਬੁੱਕਮਾਰਕ ਨਹੀਂ ਕੀਤਾ ਜਾ ਸਕਦਾ।
5. ______________ ਵੈਬਸਾਈਟ ਨੂੰ ਪੂਰਾ ਕਰਨ ਦੇ ਕਾਰਜਾਂ ਨੂੰ ਤਰਜੀਹ (prioritize) ਦੇਣ ਤੋਂ ਇਲਾਵਾ ਕੁਝ ਨਹੀਂ ਹੁੰਦੀ।

ਉੱਤਰ: 1. ./ 2. SRC 3. ਬੁੱਕਮਾਰਕਸ 4. POST 5. ਯੋਜਨਾਬੰਦੀ

**ਪ੍ਰਸ਼ਨ:3 ਹੇਠ ਲਿਖਿਆਂ ਦੇ ਪੂਰੇ ਰੂਪ ਲਿਖੋ:**

1. URL ਯੂਨੀਫਾਰਮ ਰਿਸੋਰਸ ਲੋਕੇਟਰ (Uniform Resource Locator)
2. GIF ਗ੍ਰਾਫਿਕਸ ਇੰਟਰਚੇਂਜ਼ ਫਾਰਮੇਟ (Graphics Interchange Format)
3. PNG ਪੋਰਟੇਬਲ ਨੈਟਵਰਕ ਗ੍ਰਾਫਿਕਸ (Portable Network Graphics)
4. JPEG ਜੁਆਇੰਟ ਫੋਟੋਗ੍ਰਾਫਿਕਸ ਐਕਸਪਰਟ ਗਰੁੱਪ (Joint Photographics Expert Group)
5. HREF ਹਾਈਪਰਟੈਕਸਟ ਰੈਫਰੈਂਸ (HyperText Reference)
6. SRC ਸੋਰਸ (Source)
7. <A> ਐਂਕਰ ਟੈਗ (Anchor Tag)
8. <IMG> ਇਮੇਜ਼ ਟੈਗ (Image Tag)

**ਪ੍ਰਸ਼ਨ:4 ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

**ਪ੍ਰਸ਼ਨ:1 ਤੁਸੀਂ HTML ਡਾਕੂਮੈਂਟ ਵਿਚ ਇਕ ਤਸਵੀਰ ਕਿਸ ਤਰ੍ਹਾਂ ਦਾਖਲ ਕਰੋਗੇ?**


ਉੱਤਰ: HTML ਡਾਕੂਮੈਂਟ ਵਿੱਚ ਤਸਵੀਰ ਦਾਖਲ ਕਰਨ ਲਈ ਅਸੀਂ <IMG> ਟੈਗ ਦੀ ਵਰਤੋਂ ਕਰਦੇ ਹਾਂ। <IMG> ਟੈਗ ਇੱਕ ਐਂਪਟੀ ਟੈਗ ਹੈ, ਜਿਸਦਾ ਮਤਲਬ ਹੈ ਕਿ ਇਸ ਟੈਗ ਦਾ ਕੋਈ ਕਲੋਜ਼ਿੰਗ ਟੈਗ ਨਹੀਂ ਹੁੰਦਾ। ਵੈੱਬ ਪੇਜ਼ ਵਿਚ ਤਸਵੀਰ ਦਾਖਲ ਕਰਨ ਲਈ ਹੇਠਾਂ ਦਿਤੇ ਮੁਢਲੇ ਸਿੰਟੈਕਸ ਦੀ ਵਰਤੋਂ ਕੀਤੀ ਜਾ ਸਕਦੀ ਹੈ:

<IMG SRC="image_url">

ਇਸ ਵਿਚ SRC ਇਮੇਜ਼ ਟੈਗ ਦਾ ਇੱਕ ਜ਼ਰੂਰੀ ਐਟਰੀਬਿਊਟ ਹੈ, ਜਿਸ ਦਾ ਪੂਰਾ ਨਾਂ ਸੋਰਸ (SOURCE) ਹੈ। ਇਹ ਐਟਰੀਬਿਊਟ ਵੈਬ ਪੇਜ਼ ਵਿਚ ਦਿਖਾਈ ਜਾਣ ਵਾਲੀ ਤਸਵੀਰ ਦਾ URL ਸੈੱਟ ਕਰਨ ਲਈ ਵਰਤਿਆ ਜਾਂਦਾ ਹੈ।

**ਪ੍ਰਸ਼ਨ:2 ਹਾਈਪਰਲਿੰਕ (Hyperlink) ਕੀ ਹੁੰਦਾ ਹੈ?**


ਉੱਤਰ: HTML ਲਿੰਕਸ ਨੂੰ ਹਾਈਪਰਲਿੰਕਸ ਕਿਹਾ ਜਾਂਦਾ ਹੈ। ਇੱਕ ਵੈਬਪੇਜ ਵਿੱਚ ਵੱਖ-ਵੱਖ ਲਿੰਕ ਸ਼ਾਮਲ ਹੋ ਸਕਦੇ ਹਨ। ਇਹਨਾਂ ਲਿੰਕਸ ਉਪਰ ਕਲਿੱਕ ਕਰਕੇ ਯੂਜ਼ਰ ਇਕ ਵੈਬ ਪੇਜ਼/ਸਾਈਟ ਤੋਂ ਦੂਜੇ ਵੈਬ ਪੇਜ਼/ਸਾਈਟ ਉਪਰ ਜਾ ਸਕਦੇ ਹਨ। ਮੂਲ ਰੂਪ ਵਿੱਚ ਲਿੰਕਸ ਨੂੰ ਵੈੱਬ ਬ੍ਰਾਊਜ਼ਰ ਦੁਆਰਾ ਨੀਲੇ ਰੰਗ ਵਿੱਚ ਅੰਡਰਲਾਈਨ ਕਰਕੇ ਦਿਖਾਇਆ ਜਾਂਦਾ ਹੈ। HTML ਵਿੱਚ <A> ਟੈਗ ਦੀ ਵਰਤੋਂ ਕਰਕੇ ਇੱਕ ਲਿੰਕ ਬਣਾਇਆ ਜਾ ਸਕਦਾ ਹੈ। ਇਸ ਟੈਗ ਨੂੰ ਐਂਕਰ ਟੈਗ ਕਿਹਾ ਜਾਂਦਾ ਹੈ। ਇਸ ਟੈਗ ਵਿੱਚ HREF (ਹਾਈਪਰਟੈਕਸਟ ਰੈਫਰੈਂਸ) ਐਟਰੀਬਿਊਟ ਦੀ ਮਦਦ ਨਾਲ ਲਿੰਕ ਕੀਤੇ ਜਾਣ ਵਾਲੇ ਡਾਕੂਮੈਂਟ ਦਾ URL ਸੈੱਟ ਕੀਤਾ ਜਾਂਦਾ ਹੈ। ਐਂਕਰ ਟੈਗ ਦੀ ਵਰਤੋਂ ਨਾਲ ਹਾਈਪਰਲਿੰਕ ਬਣਾਉਣ ਲਈ ਹੇਠਾਂ ਦਿਤੇ ਮੁਢਲੇ ਸਿੰਟੈਕਸ ਦੀ ਵਰਤੋਂ ਕੀਤੀ ਜਾ ਸਕਦੀ ਹੈ:




<A HREF="Link_URL">Link Text or Imsge</A>

**ਪ੍ਰਸ਼ਨ:3 ਫਾਮਰਜ਼ (Forms) ਕੀ ਹੁੰਦੇ ਹਨ?**


ਉੱਤਰ: HTML ਫਾਰਮ ਯੂਜ਼ਰ ਅਤੇ ਵੈਬਸਾਈਟ ਵਿਚਕਾਰ ਅੰਤਰਕਿਰਿਆ (Interactivity) ਲਈ ਵਰਤੇ ਜਾਂਦੇ ਹਨ। ਇਹ ਫਾਰਮ ਆਮ ਵਰਤੇ ਜਾਣ ਵਾਲੇ ਫਾਰਮਾਂ ਵਰਗੇ ਹੀ ਹੁੰਦੇ ਹਨ। ਇਹਨਾਂ ਦੀ ਵਰਤੋਂ ਯੂਜ਼ਰ ਤੋਂ ਡੇਟਾ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ, ਜਿਵੇਂ ਕਿ - ਰਜਿਸਟ੍ਰੇਸ਼ਨ ਜਾਣਕਾਰੀ: ਨਾਮ, ਈਮੇਲ ਪਤਾ, ਕ੍ਰੈਡਿਟ ਕਾਰਡ, ਆਦਿ। ਇੱਕ ਫਾਰਮ ਯੂਜ਼ਰ ਤੋਂ ਇਨਪੁਟ ਪ੍ਰਾਪਤ ਕਰਦਾ ਹੈ। ਫਿਰ ਇਸ ਇਨਪੁੱਟ ਨੂੰ ਵੈਬ-ਸਰਵਰ 'ਤੇ ਪੋਸਟ/ਸਬਮਿੱਟ ਕੀਤਾ ਜਾਂਦਾ ਹੈ। ਵੈੱਬ-ਸਰਵਰ ਉਪਰ ਸਰਵਰ-ਸਾਈਡ ਪ੍ਰੋਗਰਾਮ (ASP ਜਾਂ PHP ਆਦਿ) ਫਾਰਮ ਵਿਚ ਭਰੇ ਡਾਟਾ ਉਪਰ ਕੰਮ ਕਰਦੇ ਹਨ ਅਤੇ ਉਸਨੂੰ ਡਾਟਾਬੇਸ ਵਿੱਚ ਸਟੋਰ ਕਰ ਦਿੰਦੇ ਹਨ।




**ਪ੍ਰਸ਼ਨ:4 ਵੈਬ-ਫਾਰਮਜ਼ ਵਿਚ ਵਰਤੇ ਜਾਣ ਵਾਲੇ ਵਖ-ਵੱਖ ਕੰਟਰੋਲ ਦੇ ਨਾਂ ਲਿਖੋ।**

ਉੱਤਰ: ਵੈਬ-ਫਾਰਮਜ਼ ਵਿਚ ਵਰਤੇ ਜਾਣ ਵਾਲੇ ਵਖ-ਵੱਖ ਕੰਟਰੋਲ ਦੇ ਨਾਂ ਹੇਠਾਂ ਦਿਤੇ ਗਏ ਹਨ:

- ਟੈਕਸਟਬਾਕਸ ਕੰਟਰੋਲ
- ਟੈਕਸਟਏਰੀਆ ਕੰਟਰੋਲ
- ਪਾਸਵਰਡ ਫੀਲਡ ਕੰਟਰੋਲ
- ਚੈੱਕਬਾਕਸ ਕੰਟਰੋਲ
- ਰੇਡੀਓ ਬਟਨ ਕੰਟਰੋਲ
- ਸਲੈਕਸ਼ਨ ਲਿਸਟ ਕੰਟਰੋਲ
- ਫਾਈਲ ਸਲੈਕਸ਼ਨ ਕੰਟਰੋਲ
- ਬਟਨ ਕੰਟਰੋਲ
- ਸਬਮਿੱਟ ਬਟਨ ਕੰਟਰੋਲ
- ਰੀਸੈੱਟ ਬਟਨ ਕੰਟਰੋਲ




**ਪ੍ਰਸ਼ਨ:5 HTML ਫਾਰਮਾਂ ਵਿੱਚ ਵਰਤੇ ਜਾਂਦੇ ਵੱਖ ਵੱਖ ਕਿਸਮਾਂ ਦੇ ਬਟਨ-ਕਿਹੜੇ ਹੁੰਦੇ ਹਨ?**

ਉੱਤਰ: HTML ਫਾਰਮਾਂ ਵਿੱਚ ਵਰਤੇ ਜਾਣ ਵਾਲੇ ਵੱਖ-ਵੱਖ ਕਿਸਮਾਂ ਦੇ ਬਟਨ ਹੇਠਾਂ ਦਿਤੇ ਗਏ ਹਨ:

- **ਸਬਮਿੱਟ (SUBMIT):** ਇਸ ਬਟਨ ਦੀ ਵਰਤੋਂ ਫਾਰਮ ਵਿਚ ਭਰਿਆ ਡਾਟਾ ਵੈਬ ਸਰਵਰ ਨੂੰ ਭੇਜਣ ਲਈ ਕੀਤੀ ਜਾਂਦੀ ਹੈ।
- **ਰੀਸੈਟ (RESET):** ਇਹ ਬਟਨ ਫਾਰਮ ਵਿਚ ਵਰਤੇ ਗਏ ਸਾਰੇ ਕੰਟਰੋਲਜ਼ ਨੂੰ ਉਹਨਾਂ ਦੇ ਸ਼ੁਰੂਆਤੀ ਮੁੱਲਾਂ ਅਨੁਸਾਰ ਰੀਸੈਟ ਕਰਨ ਲਈ ਵਰਤਿਆ ਜਾਂਦਾ ਹੈ।
- **ਬਟਨ (BUTTON):** ਇਹ ਬਟਨ ਕਲਾਇੰਟ-ਸਾਈਡ ਸਕ੍ਰਿਪਟਿੰਗ ਭਾਸ਼ਾ (ਜਾਵਾ ਸਕ੍ਰਿਪਟ) ਵਿੱਚ ਲਿਖੇ ਇੱਕ ਫੰਕਸ਼ਨ/ਕੋਡ ਨੂੰ ਕਾਲ ਕਰਨ ਲਈ ਵਰਤਿਆ ਜਾਂਦਾ ਹੈ।
- **ਇਮੇਜ਼ (IMAGE):** ਇਸਦੀ ਵਰਤੋਂ ਇਮੇਜ਼ ਬੈਕਗ੍ਰਾਊਂਡ ਵਾਲਾ ਬਟਨ ਬਣਾਉਣ ਲਈ ਕੀਤੀ ਜਾਂਦੀ ਹੈ।

**ਪ੍ਰਸ਼ਨ:5 ਵੱਡੇ ਉੱਤਰਾਂ ਵਾਲੇ ਪ੍ਰਸ਼ਨ:**

**ਪ੍ਰਸ਼ਨ:1 URL ਕੀ ਹੈ? URL ਦੀਆਂ ਵੱਖ-ਵੱਖ ਕਿਸਮਾਂ ਦਾ ਵਰਨਣ ਕਰੋ।**

ਉੱਤਰ: URL ਦਾ ਅਰਥ ਹੈ ਯੂਨੀਫਾਰਮ ਰਿਸੋਰਸ ਲੋਕੇਟਰ। ਵੈੱਬ ਸਰਵਰ ਉਪਰ ਕਿਸੇ ਫਾਈਲ ਜਾਂ ਫੋਲਡਰ ਦੀ ਲੋਕੇਸ਼ਨ ਨੂੰ ਦਰਸਾਉਂਦਾ ਹੋਇਆ ਐਡਰੈਸ URL ਅਖਵਾਉਂਦਾ ਹੈ। ਹਰੇਕ ਵੈੱਬਸਾਈਟ ਜਾਂ ਵੈੱਬਪੇਜ ਦਾ ਇੱਕ ਵਿਲੱਖਣ URL ਹੁੰਦਾ ਹੈ। ਉਦਾਹਰਨ ਲਈ: http://pseb.ac.in/ , ਇਹ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈੱਬਸਾਈਟ ਦਾ URL ਹੈ।

**URL ਦੀਆਂ ਕਿਸਮਾਂ:** URL ਦੋ ਕਿਸਮ ਦੇ ਹੋ ਸਕਦੇ ਹਨ:

1. **ਐਬਸੋਲਿਊਟ (Absolute) URL:** ਐਬਸੋਲਿਊਟ URL ਕਿਸੇ ਫਾਈਲ/ਫੋਲਡਰ ਦੇ ਪੂਰੇ ਐਡਰੈਸ ਨੂੰ ਦਰਸਾਉਂਦਾ ਹੈ।
   ਉਦਾਹਰਨ ਲਈ: "D:\main\picture.jpg"
2. **ਰੈਲੇਟਿਵ (Relative) URL:** ਰੈਲੇਟਿਵ URL ਮੌਜੂਦਾ ਫਾਈਲ/ਫੋਲਡਰ ਦੀ ਲੋਕੇਸ਼ਨ ਅਨੁਸਾਰ ਕਿਸੇ ਹੋਰ ਫਾਈਲ/ਫੋਲਡਰ ਦੀ ਲੋਕੇਸ਼ਨ ਨੂੰ ਦਰਸਾਉਂਦਾ ਹੈ। ਇਸ URL ਵਿੱਚ ਆਮ ਤੌਰ 'ਤੇ ਸਿਰਫ ਫੋਲਡਰ ਦਾ ਨਾਮ ਅਤੇ ਫਾਈਲ ਨਾਮ, ਜਾਂ ਸਿਰਫ ਫਾਈਲ ਦਾ ਨਾਮ ਸ਼ਾਮਲ ਹੁੰਦਾ ਹੈ।
   ਉਦਾਹਰਨ ਲਈ: "picture.jpg"

**ਪ੍ਰਸ਼ਨ:2 ਵੈਬ-ਫਾਰਮਜ਼ ਵਿਚ ਵਰਤੇ ਜਾਣ ਵਾਲੇ ਵੱਖ-ਵੱਖ ਕਿਸਮਾਂ ਦੇ ਟੈਕਸਟ ਇਨਪੁੱਟ ਕੰਟਰੋਲਜ਼ ਦਾ ਵਰਨਣ ਕਰੋ।**

ਉੱਤਰ: ਵੈੱਬ ਫਾਰਮਾਂ ਵਿੱਚ ਵਰਤੇ ਜਾਣ ਵਾਲੇ ਵੱਖ-ਵੱਖ ਕਿਸਮਾਂ ਦੇ ਟੈਕਸਟ ਇਨਪੁੱਟ ਕੰਟਰੋਲਜ਼ ਦਾ ਵਰਨਣ ਹੇਠਾਂ ਕੀਤਾ ਗਿਆ ਹੈ:

- **ਟੈਕਸਟਬਾਕਸ ਕੰਟਰੋਲ:** ਇਹ ਕੰਟਰੋਲ ਯੂਜ਼ਰ ਤੋਂ ਇੱਕ ਸਿੰਗਲ ਲਾਈਨ ਵਿਚ ਟੈਕਸਟ ਇਨਪੁੱਟ ਕਰਵਾਉਣ ਲਈ ਵਰਤਿਆ ਜਾਂਦਾ ਹੈ। ਉਦਾਹਰਨ ਲਈ: ਯੂਜ਼ਰ ਦਾ ਨਾਮ, ਮੋਬਾਈਲ ਨੰਬਰ ਆਦਿ। ਟੈਕਸਟਬਾਕਸ ਕੰਟਰੋਲ ਬਣਾਉਣ ਲਈ ਮੁਢਲਾ ਸਿੰਟੈਕਸ ਹੈ: <input type="text">
- **ਪਾਸਵਰਡ ਫੀਲਡ ਕੰਟਰੋਲ:** ਇਹ ਵੀ ਇੱਕ ਸਿੰਗਲ-ਲਾਈਨ ਟੈਕਸਟ ਇੰਪੁੱਟ ਕੰਟਰੋਲ ਹੈ। ਇਸ ਕੰਟਰੋਲ ਦੀ ਵਰਤੋਂ ਪਾਸਵਰਡ ਆਦਿ ਸੁਰੱਖਿਅਤ ਜਾਣਕਾਰੀ ਨੂੰ ਇਨਪੁੱਟ ਕਰਵਾਉਣ ਲਈ ਕੀਤੀ ਜਾਂਦੀ ਹੈ। ਪਾਸਵਰਡ ਕੰਟਰੋਲ ਬਣਾਉਣ ਲਈ ਮੁਢਲਾ ਸਿੰਟੈਕਸ ਹੈ: <input type="password">
- **ਟੈਕਸਟ ਏਰੀਆ ਕੰਟਰੋਲ:** ਇਸ ਕੰਟਰੋਲ ਦੀ ਵਰਤੋਂ ਟੈਕਸਟ ਦੀਆਂ ਕਈ ਲਾਈਨਾਂ ਇਨਪੁੱਟ ਕਰਵਾਉਣ ਲਈ ਕੀਤੀ ਜਾਂਦੀ ਹੈ। ਉਦਾਹਰਨ ਲਈ: ਐਡਰੈਸ ਸੰਬੰਧੀ ਜਾਣਕਾਰੀ, ਕਮੈਂਟਸ, ਆਦਿ। ਟੈਕਸਟਏਰੀਆ ਕੰਟਰੋਲ ਦਾ ਸਿੰਟੈਕਸ ਹੈ: <textarea rows="5" cols="50"></textarea>

**ਪ੍ਰਸ਼ਨ:3 ਵੈਬ-ਡਿਵੈਲਪਮੈਂਟ ਦੇ ਵੱਖ-ਵੱਖ ਪੜਾਵ ਕਿਹੜੇ ਹੁੰਦੇ ਹਨ?**

**ਉੱਤਰ: ਵੈੱਬ ਡਿਵੈਲਪਮੈਂਟ ਦਾ ਮਤਲਬ ਵੈੱਬਸਾਈਟਾਂ ਬਣਾਉਣਾ ਅਤੇ ਸਾਂਭਣਾ ਹੈ। ਵੈਬ ਪ੍ਰੋਜੈਕਟਾਂ ਨੂੰ ਬਨਾਉਣ ਲਈ ਹੇਠ ਲਿਖੇ ਪੜਾਵਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ:**

- **ਪੜਾਵ 1 - ਜਾਣਕਾਰੀ ਇਕੱਠੀ ਕਰਨਾ: ਇਸ ਵਿੱਚ ਗਾਹਕ ਦੀਆਂ ਜ਼ਰੂਰਤਾਂ ਨੂੰ ਸਮਝਣਾ, ਉਨ੍ਹਾਂ ਦੀਆਂ ਜ਼ਰੂਰਤਾਂ ਦੀ ਪਛਾਣ ਕਰਨਾ ਸ਼ਾਮਲ ਹੁੰਦਾ ਹੈ।**
- **ਪੜਾਵ 2 - ਯੋਜਨਾਬੰਦੀ: ਇਸ ਪੜਾਵ ਵਿਚ ਵੈੱਬਸਾਈਟ ਨੂੰ ਪੂਰਾ ਕਰਨ ਲਈ ਕਾਰਜਾਂ ਨੂੰ ਤਰਜੀਹ ਦੇਣ ਸੰਬੰਧੀ ਕੰਮ ਕੀਤੇ ਜਾਂਦੇ ਹਨ।**
- **ਪੜਾਵ 3 - ਡਿਜ਼ਾਈਨ ਅਤੇ ਲੇਆਉਟ: ਇਸ ਪੜਾਅ ਵਿੱਚ ਵੈਬਸਾਈਟ ਦੀ ਦਿੱਖ ਨਿਰਧਾਰਤ ਕੀਤੀ ਜਾਂਦੀ ਹੈ।**
- **ਪੜਾਵ 4 - ਡਿਵੈਲਪਮੈਂਟ: ਇਸ ਪੜਾਅ ਵਿੱਚ ਵੈੱਬ-ਡਿਵੈਲਪਰ ਪ੍ਰੋਗਰਾਮਿੰਗ-ਭਾਸ਼ਾਵਾਂ ਦੀ ਵਰਤੋਂ ਕਰਕੇ ਵੈੱਬਸਾਈਟਾਂ ਤਿਆਰ ਕਰਦੇ ਹਨ।**
- **ਪੜਾਵ 5 - ਟੈਸਟਿੰਗ ਅਤੇ ਲਾਂਚ: ਇਸ ਪੜਾਅ ਵਿੱਚ ਵੈੱਬਸਾਈਟ ਦੀ ਕਾਰਜਕੁਸ਼ਲਤਾ ਦੀ ਜਾਂਚ ਕੀਤੀ ਜਾਂਦੀ ਹੈ।**
- **ਪੜਾਵ 6 - ਰੱਖ-ਰਖਾਅ: ਇਹ ਪੜਾਅ ਵੈੱਬਸਾਈਟ ਦੀ ਸਮੱਗਰੀ ਅਤੇ ਡਿਜ਼ਾਈਨ ਨੂੰ ਅੱਪਡੇਟ ਕਰਨ ਨਾਲ ਸੰਬੰਧਿਤ ਹੈ।**